SED-EDU401/67/2024-2EDU4/ 117 ਮਿਤੀ, ਚੰਡੀਗੜ੍ਹ:24-10-2024

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ – 4 ਸ਼ਾਖਾ)

ਹੁਕਮ

ਸਕੂਲ ਸਿੱਖਿਆ ਵਿਭਾਗ, ਪੰਜਾਬ ਵਿਖੇ ਕੰਮ ਕਰ ਰਹੇ ਪ੍ਰਿੰਸੀਪਲਾਂ/ਉੱਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 09.08.2024 ਨੂੰ ਰੱਖੀ ਗਈ ਸੀ। ਵਿਭਾਗੀ ਤਰੱਕੀ ਕਮੇਟੀ ਵੱਲੋਂ ਲਏ ਗਏ ਫੈਸਲੇ/ਕੀਤੀ ਗਈ ਸ਼ਿਫਾਰਸ਼ ਅਨੁਸਾਰ 02 ਪ੍ਰਿੰਸੀਪਲਾਂ/ਉੱਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤ ਕਰਨ/ਤੈਨਾਤੀ ਕਰਨ ਸਬੰਧੀ ਹੁਕਮ ਸਰਕਾਰ ਦੇ ਪੱਤਰ ਨੰ: SED-EDU401/67/2024-2EDU4/95 ਮਿਤੀ 23.08.2024 ਰਾਹੀਂ ਜਾਰੀ ਕੀਤੇ ਗਏ ਸਨ। ਪੱਦ-ਉੱਨਤੀ ਦੇ ਹੁਕਮਾਂ ਵਿੱਚ ਇਹ ਸ਼ਰਤ ਲਗਾਈ ਗਈ ਸੀ ਕਿ ਜਿਹੜਾ ਅਧਿਕਾਰੀ ਮਿਤੀ 28.08.2024 ਤੱਕ ਹਾਜਰੀ ਰਿਪੋਰਟ ਪੇਸ਼ ਨਹੀਂ ਕਰਨਗੇ ਉਹਨਾਂ ਨੂੰ ਪੱਦ ਉੱਨਤੀ ਦੇ ਹਣ ਤੋਂ 02 ਸਾਲ ਲਈ ਡੀਬਾਰ ਕਰ ਦਿੱਤਾ ਜਾਵੇਗਾ। ਇਸ ਲਈ ਸ੍ਰੀਮਤੀ ਸੁਧਾ, ਸੀਨੀਆਰਤਾ ਨੰਬਰ 1487 ਨੂੰ ਉਸ ਵੱਲੋਂ ਪੱਦਉੱਨਤੀ ਨਾ ਲੈਣ ਸਬੰਧੀ ਦਿੱਤੀ ਗਈ ਪ੍ਰਤੀਬੇਨਤੀ ਦੇ ਸਨਮੁੱਖ 02 ਸਾਲ ਲਈ ਡੀਬਾਰ ਕਰਨ ਲਈ ਹੁਕਮ ਜਾਰੀ ਕਰ ਦਿੱਤੇ ਗਏ ਸਨ। ਇਸ ਅਧਿਕਾਰੀ ਦੀ ਥਾਂ ਤੇ ਅਗਲੇ ਅਧਿਕਾਰੀ ਸ੍ਰੀਮਤੀ ਅਸੀਤਾ ਸ਼ਰਮਾ ਸੀਨੀਆਰਤਾ ਨੰਬਰ 1488, ਜੋ ਇਸ ਸਮੇਂ ਡੈਪੂਟੇਸ਼ਨ ਤੇ ਪੰਜਾਬ ਭਵਨ, ਨਵੀਂ ਦਿੱਲੀ ਵਿਖੇ ਕੰਮ ਕਰ ਰਹੇ ਹਨ, ਨੂੰ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਤਰੱਕੀ ਲੈਣ ਸਬੰਧੀ ਉਨ੍ਹਾਂ ਦੀ ਸਹਿਮਤੀ ਮੰਗੀ ਗਈ ਸੀ। ਜਿਸ ਦੇ ਸਬੰਧ ਵਿੱਚ ਉਨ੍ਹਾਂ ਵੱਲੋਂ ਪੱਤਰ 06.09.2024 ਰਾਹੀਂ ਪੱਦਉਨਤੀ ਲੈਣ ਤੋਂ ਇੰਨਕਾਰ ਕਰ ਦਿੱਤਾ ਹੈ।

2. ਇਸ ਲਈ ਸ੍ਰੀਮਤੀ ਅਸੀਤਾ ਸ਼ਰਮਾ, ਪ੍ਰਿੰਸੀਪਲ ਨੂੰ ਪੰਜਾਬ ਸਿਵਲ ਸੇਵਾਵਾਂ (ਜਨਰਲ ਅਤੇ ਕਾਮਨ ਕੰਡੀਸ਼ਨ ਆਫ ਸਰਵਿਸ) ਰੂਲਜ 1994 ਦੇ ਨਿਯਮ 8(2) ਤਹਿਤ 02 ਸਾਲ ਲਈ ਉਸਦੀ ਪ੍ਰਤੀਬੇਨਤੀ ਵਿੱਚ ਦਰਸਾਈ ਮਿਤੀ 06.09.2024 ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤੀ ਦੇ ਹੱਕ ਤੋਂ 02 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕੀਤਾ ਜਾਂਦਾ ਹੈ।

ਮਿਤੀ, ਚੰਡੀਗੜ੍ਹ:
24.10.2024

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੰ.ਅੰ. ਨੰ:/ਉਕਤ ਮਿਤੀ, ਚੰਡੀਗੜ੍ਹ:24.10.2024

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮਹਾਂ ਲੇਖਾਕਾਰ (ਏ.ਐਂਡ ਈ.) ਆਡਿਟ ਵਿੰਗ, ਪੰਜਾਬ ਚੰਡੀਗੜ੍ਹ।
2) ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3) ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ।
4) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰ/ਐਲੀਮੈਂਟਰੀ), ਪੰਜਾਬ।
5) ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
6) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ (ਵੈਬਸਾਈਟ ਰਾਹੀਂ)।
7) ਸਬੰਧਤ ਅਧਿਕਾਰੀ (ਵੈਬਸਾਈਟ ਰਾਹੀਂ)।

(ਸੁਰਜੀਤ ਸਿੰਘ) 24/10
ਸੁਪਰਡੰਟ